Punjabi Version

# ਚੀਨੀ ਦੀ ਵਿਹਾਰਕ ਪੜ੍ਹਾਈ (ਚੀਨੀ ਨਾ ਬੋਲਣ ਵਾਲੇ ਵਿਦਿਆਰਥੀਆਂ ਲਈ)








ਵਿਹਾਰਕ ਪੜ੍ਹਾਈ ਬਾਰੇ ਸੈਕਸ਼ਨ
ਪਾਠਕ੍ਰਮ ਵਿਕਾਸ ਸੰਸਥਾ
ਸਿਖਿਆ ਬਿਉਰੋ

(www.edb.gov.hk/apl)

# ਉਦੇਸ਼

ਚੀਨੀ ਦੀ ਵਿਹਾਰਕ ਪੜ੍ਹਾਈ (ਚੀਨੀ ਨਾ ਬੋਲਣ ਵਾਲੇ ਵਿਦਿਆਰਥੀਆਂ ਲਈ) (ApL(C)) ਵਿਦਿਆਰਥੀਆਂ ਦੇ ਹੋਰ ਅਧਿਅਨਾਂ ਅਤੇ ਰੋਜ਼ਗਾਰ ਹਾਸਲ ਕਰਨ ਦੀ ਸਮਰੱਥਾ ਵਧਾਉਣ ਲਈ ਇੱਕ ਬਦਲਵੀਂ ਚੀਨੀ ਭਾਸ਼ਾ ਦੀ ਯੋਗਤਾ ਹਾਸਿਲ ਕਰਨ ਲਈ ਦੱਸੀਆਂ ਗਈਆਂ ਸਥਿਤੀਆਂ* ਪੂਰੀਆਂ ਕਰਨ ਵਾਸਤੇ ਵਿਸ਼ੇਸ਼ ਤੌਰ 'ਤੇ ਚੀਨੀ ਨਾ ਬੋਲਣ ਵਾਲੇ ਵਿਦਿਆਰਥੀਆਂ ਲਈ (NCS) ਇੱਕ ਵਾਧੂ ਰਾਹ ਉਪਲਬਧ ਕਰਾਉਣ ਲਈ ਸ਼ੁਰੂ ਕੀਤੀ ਗਈ ਹੈ।

* ਦੱਸੀਆਂ ਗਈਆਂ ਸਥਿਤੀਆਂ ਹਨ

- ਪ੍ਰਾਇਮਰੀ ਅਤੇ ਸੈਕੰਡਰੀ ਦੀ ਪੜ੍ਹਾਈ ਕਰਦਿਆਂ ਹੋਇਆਂ, ਵਿਦਿਆਰਥੀਆਂ ਨੇ ਛੇ ਸਾਲ ਤੋਂ ਘੱਟ ਸਮੇਂ ਲਈ ਚੀਨੀ ਭਾਸ਼ਾ ਸਿਖੀ ਹੈ; ਜਾਂ
- ਵਿਦਿਆਰਥੀਆਂ ਨੇ ਸਕੂਲਾਂ ਵਿਚ ਛੇ ਜਾਂ ਵੱਧ ਸਾਲਾਂ ਲਈ ਚੀਨੀ ਭਾਸ਼ਾ ਸਿਖੀ ਹੈ, ਪਰ ਉਹਨਾਂ ਨੇ ਅਨੁਕੂਲ ਬਣਾਇਆ ਹੋਇਆ ਅਤੇ ਬਹੁਤ ਹੀ ਸਰਲ ਪਾਠਕ੍ਰਮ ਪੜ੍ਹਿਆ ਹੈ, ਜੋ ਕਿ ਆਮ ਤੌਰ ‘ਤੇ ਸਥਾਨਕ ਸਕੂਲਾਂ ਵਿਚਲੇ ਬਹੁਤੇ ਵਿਦਿਆਰਥੀਆਂ ‘ਤੇ ਲਾਗੂ ਨਹੀਂ ਹੁੰਦਾ।

# ਵਿਸ਼ੇਸ਼ਤਾ

ApL(C) ਦੂਜੀ ਭਾਸ਼ਾ ਦੇ ਸਿਖਾਂਦਰੂਆਂ ਨੂੰ ਧਿਆਨ ਵਿਚ ਰਖਕੇ ਤਿਆਰ ਕੀਤੀ ਗਈ ਹੈ ਅਤੇ ਸਰਗਰਮੀਆਂ (ਜਿਵੇਂ ਨਿੱਤ ਜ਼ਬਾਨੀ ਗੱਲਬਾਤ, ਗੱਲਬਾਤ ਸਬੰਧੀ ਸਰਗਰਮੀ, ਸਮੂਹਕ ਵਿਚਾਰ--ਚਰਚਾ, ਵਿਜ਼ਿਟ ਅਤੇ ਪਹਿਲੇ ਪੜਾਅ 'ਤੇ ਭਾਸ਼ਾ ਸਿਖਣ ਲਈ “ਸੇਵਾਵਾਂ” ਦੇ ਖੇਤਰ ਨੂੰ ਪ੍ਰਸੰਗ ਵਜੋਂ ਵਰਤਦਿਆਂ ਵਿਹਾਰਕ ਤੌਰ 'ਤੇ ਪੜ੍ਹਣਾ ਅਤੇ ਲਿਖਣਾ) ਦੇ ਵੱਖ ਵੱਖ ਸਾਧਨਾਂ ਰਾਹੀਂ ਚੀਨੀ ਭਾਸ਼ਾ ਸਿਖਣ ਲਈ ਵਿਦਿਆਰਥੀਆਂ ਵਾਸਤੇ ਬਣਾਉਟੀ ਵਿਹਾਰਕ ਪੜ੍ਹਾਈ ਦਾ ਪ੍ਰਸੰਗ ਉਪਲਬਧ ਕਰਦੀਆਂ ਹਨ




# ਵਿਸ਼ਾ

ApL(C) ਦਾ ਵਿਸ਼ਾ ਹੇਠਾਂ ਦਿੱਤੇ ਅਨੁਸਾਰ ਹੈ:

## ਜ਼ਬਾਨੀ ਗੱਲਬਾਤ (ਕੈਂਟੋਨੀਜ਼)

- ਹੌਂਗ ਕੌਂਗ ਵਿਚ ਬੋਲੀ ਜਾਂਦੀ ਕੈਂਟੋਨੀਜ਼ ਦੀਆਂ ਅਵਾਜ਼ਾਂ ਅਤੇ ਉੱਚਾਰਣ, ਸ਼ਬਦਾਵਲੀ ਅਤੇ ਵਿਆਕਰਣ ਨੂੰ ਪਛਾਣਨਾ; ਆਮ ਲੋਕਾਂ ਦੇ ਬੋਲਚਾਲ ਦੇ ਪ੍ਰਗਟਾਵੇ ਅਤੇ ਆਮ ਵਾਕ-ਅੰਸ਼ਾਂ ਨੂੰ ਸਮਝਣਾ; ਅਤੇ ਜ਼ਬਾਨੀ ਗੱਲਬਾਤ ਅਤੇ ਸਮਾਜਕ ਮੁਹਾਰਤਾਂ ਤਿਆਰ ਕਰਨੀਆਂ, ਇਹਨਾਂ ਵਿਚ ਵੱਖ ਵੱਖ ਲਹਿਜੇ, ਚਿਹਰੇ ਦੇ ਹਾਵ-ਭਾਵ ਅਤੇ ਕੰਮ (ਜਿਵੇਂ ਪੁੱਛਗਿੱਛ ਦੇ ਜਵਾਬ ਦੇਣਾ, ਜਾਣ-ਪਛਾਣ ਕਰਾਉਣਾ, ਸੰਖੇਪ ਪੇਸ਼ਕਾਰੀ ਅਤੇ ਇੰਟਰਵਿਊ ਕਰਨਾ) ਅਤੇ ਰੋਜ਼ ਦੇ ਕੰਮਾਂ ਲਈ ਵੱਖ ਵੱਖ ਅਰਥ ਅਤੇ ਜਜ਼ਬਾਤ ਪ੍ਰਗਟਾਉਣ ਲਈ ਸਰੀਰਕ ਹਾਵ-ਭਾਵ ਸ਼ਾਮਿਲ ਹਨ।

## ਪੜ੍ਹਣਾ

- ਵਿਹਾਰਕ ਪਾਠ-ਪੁਸਤਕਾਂ ਵਿਚ ਆਮ ਤੌਰ ‘ਤੇ ਵਰਤੇ ਜਾਂਦੇ ਸ਼ਬਦਾਂ ਅਤੇ ਪ੍ਰਗਟਾਵਿਆਂ ਨੂੰ ਪਛਾਣਨਾ; ਨਿੱਤ ਦੇ ਜੀਵਨ ਅਤੇ ਕੰਮ ਦੇ ਮਜ਼ਮੂਨਾਂ, ਜਿਵੇਂ ਸਰਕੁਲਰਾਂ, ਈਮੇਲਾਂ ਅਤੇ ਕੰਮ ਦੀਆਂ ਯੋਜਨਾਵਾਂ ਵਿਚ ਆਮ ਤੌਰ ‘ਤੇ ਮਿਲਣ ਵਾਲੇ ਵਿਹਾਰਕ ਮਜ਼ਮੂਨਾਂ ਤੋਂ ਜਾਣਕਾਰੀ ਪੜ੍ਹਣਾ; ਪ੍ਰਸੰਗ ਵਿਚਲੇ ਅਹਿਮ ਮੈਸੇਜਾਂ ਨੂੰ ਸਮਝਣਾ ਅਤੇ ਵਿਆਖਿਆ ਕਰਨੀ; ਅਤੇ ਪੜ੍ਹਣ ਦਾ ਕੰਮ ਸਿਰੇ ਚਾੜ੍ਹਣ ਲਈ ਸਬਦਕੋਸ਼ਾਂ ਵਰਗੇ ਸਾਧਨਾਂ ਦੀ ਵਰਤੋਂ ਕਰਨਾ।

## ਲਿਖਣਾ

- ਵਿਹਾਰਕ ਮਜ਼ਮੂਨਾਂ ਵਿਚ ਆਮ ਤੌਰ ‘ਤੇ ਵਰਤੇ ਜਾਂਦੇ ਸ਼ਬਦਾਂ, ਪ੍ਰਗਟਾਵਿਆਂ ਅਤੇ ਵਾਕ--ਬਣਤਰਾਂ ਨੂੰ ਪਛਾਣਨਾ; ਮੈਸੇਜਾਂ, ਈਮੇਲਾਂ, ਰਿਕਾੱਰਡਾਂ ਅਤੇ ਚਿੱਠੀਆਂ ਵਰਗੇ ਵਿਹਾਰਕ ਮਜ਼ਮੂਨ ਲਿਖਣਾ; ਅਤੇ ਲਿਖਣ ਦੇ ਕੰਮ ਪੂਰੇ ਕਰਨ ਲਈ ਸਾਧਨਾਂ ਅਤੇ ਹਵਾਲਾ ਸਮਗ੍ਰੀਆਂ ਦੀ ਵਰਤੋਂ ਕਰਨਾ।



# ਸਪਸ਼ਟ ਉੱਚਾਰਣ

- ## ਹੋਰ ਅਧਿਐਨਾਂ ਲਈ

ਯੂਨਿਵਰਸਿਟੀ ਗ੍ਰਾਂਟਸ ਕਮੇਟੀ ਦੀਆਂ ਰਕਮਾਂ ਨਾਲ ਚੱਲਣ ਵਾਲੀਆਂ ਸੰਸਥਾਵਾਂ ਅਤੇ ਸੈਕੰਡਰੀ ਤੋਂ ਬਾਅਦ ਦੀਆਂ ਬਹੁਤੀਆਂ ਸੰਸਥਾਵਾਂ, ApL(C) ਨੂੰ ਘੱਟੋ-ਘੱਟ ਲੋੜੀਂਦੇ ਗ੍ਰੇਡ ਵਜੋਂ "ਪ੍ਰਾਪਤ ਕੀਤੇ ਗਏ" ਵਾਲੇ NCS ਵਿਦਿਆਰਥੀਆਂ ਦੇ ਦਾਖ਼ਲੇ ਲਈ ਚੀਨੀ ਭਾਸ਼ਾ ਵਿਚ ਬਦਲਵੀਂ ਯੋਗਤਾ ਵਜੋਂ ਪ੍ਰਵਾਨ ਕਰਦੀਆਂ ਹਨ।

- ## ਕੰਮ ਲਈ

ਸਿਵਿਲ ਸਰਵਿਸ ਬਿਉਰੋ, ਸਿਵਿਲ ਸਰਵਿਸ ਰੈਂਕਾਂ ਦੀਆਂ ਚੀਨੀ ਭਾਸ਼ਾ ਦੀਆਂ ਪ੍ਰਬੀਨਤਾ ਸ਼ਰਤਾਂ ਪੂਰੀਆਂ ਕਰਨ ਵਜੋਂ ApL(C) ਵਿਚ "ਪ੍ਰਾਪਤ ਕੀਤੇ ਗਏ" ਅਤੇ "ਡਿਸਟਿੰਕਸ਼ਨ ਨਾਲ ਪ੍ਰਾਪਤ ਕੀਤੇ ਗਏ" ਨੂੰ ਪ੍ਰਵਾਨ ਕਰਦਾ ਹੈ।

# ਦਾਖ਼ਲਾ

- ApL(C) ਨੂੰ 2014/15 ਸਕੂਲ ਸਾਲ ਵਿਚ ਸ਼ੁਰੂ ਕੀਤੇ ਗਏ ਪੜਾਵਾਂ ਰਾਹੀਂ ਲਾਗੂ ਕੀਤਾ ਗਿਆ ਹੈ।
- ਵਿਦਿਆਰਥੀਆਂ ਨੂੰ ਕੋਰਸ ਦੀਆਂ ਫ਼ੀਸਾਂ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ। ਸਿਖਿਆ ਬਿਉਰੋ, ApL(C) ਲਈ ਕੋਰਸ ਦੀਆਂ ਫ਼ੀਸਾਂ ਦਾ ਭੁਗਤਾਨ ਕਰਨ ਵਿਚ ਸਕੂਲਾਂ ਨੂੰ ਪੂਰੀਆਂ ਰਿਆਇਤਾਂ ਦਏਗਾ।
- ApL(C) ਲਈ ਅਰਜ਼ੀ ਸਕੂਲਾਂ ਰਾਹੀਂ ਹੀ ਦਿੱਤੀ ਜਾਣੀ **ਚਾਹੀਦੀ ਹੈ।**
- ਸਕੂਲਾਂ ਨੂੰ ਵਿਦਿਆਰਥੀਆਂ ਦੀ ਭਾਸ਼ਾ ਸਮਰੱਥਾ, ਦਿਲਚਸਪੀ ਅਤੇ ਵਿਦਿਆਰਥੀਆਂ ਅਨੁਸਾਰ ApL(C) ਲਈ ਅਰਜ਼ੀ 'ਤੇ ਵਿਚਾਰ ਕਰਦਿਆਂ ਵਿਦਿਆਰਥੀਆਂ ਦੀ ਮਦਦ ਕਰਨੀ ਚਾਹੀਦੀ ਹੈ।
- ਕੋਰਸ ਪ੍ਰੋਵਾਈਡਰ ਵਿਦਿਆਰਥੀਆਂ ਲਈ ਦਾਖ਼ਲੇ ਦੇ ਅਮਲ ਦਾ ਪ੍ਰਬੰਧ ਕਰਨਗੇ।

# ਪਾਠ ਦੇ ਸਮੇਂ ਦਾ ਪ੍ਰਬੰਧ

| ਮਾੱਡਿਉਲਸ | ਪਾਠ ਦਾ ਸਮਾਂ (ਕੁੱਲ 270 ਘੰਟੇ) | | |
|---|---|---|---|
| | ApL(C) I (QF# ਪੱਧਰ 1) | ApL(C) II (QF# ਪੱਧਰ 2) | ApL(C) III (QF# ਪੱਧਰ 3) |
| ਜ਼ਬਾਨੀ ਗੱਲਬਾਤ (ਕੈਂਟੋਨੀਜ਼) | 18 ਘੰਟੇ | 18 ਘੰਟੇ | 40 ਘੰਟੇ |
| ਪੜ੍ਹਣਾ | 27 ਘੰਟੇ | 27 ਘੰਟੇ | 55 ਘੰਟੇ |
| ਲਿਖਣਾ | 20 ਘੰਟੇ | 20 ਘੰਟੇ | 45 ਘੰਟੇ |
| ਕੁੱਲ ਜੋੜ | **65 ਘੰਟੇ** | **65 ਘੰਟੇ** | **140 ਘੰਟੇ** |

# ਯੋਗਤਾਵਾਂ ਸਬੰਧੀ ਢਾਂਚਾ







# ਮਾਨਤਾ

- **ਹੌਂਗ ਕੌਂਗ ਡਿਪਲੋਮਾ ਔੱਫ਼ ਸੈਕੰਡਰੀ ਐਜੂਕੇਸ਼ਨ (HKDSE) ਯੋਗਤਾ**

HKDSE ਵਿਚ ApL(C) ਨਤੀਜਿਆਂ ਨੂੰ "ਪ੍ਰਾਪਤ ਕੀਤੇ ਗਏ" ਅਤੇ "ਡਿਸਟਿੰਕਸ਼ਨ ਨਾਲ ਪ੍ਰਾਪਤ ਕੀਤੇ ਗਏ" ਵਜੋਂ ਦੱਸਿਆ ਗਿਆ ਹੈ।

- **ਯੋਗਤਾਵਾਂ ਸਬੰਧੀ ਢਾਂਚਾ (QF)**

HKDSE ਯੋਗਤਾ ਤੋਂ ਅਲਾਵਾ, ApL(C) ਨੂੰ ਮੁਲਾਂਕਣ ਅਤੇ ApL(C) ਵੱਖ ਵੱਖ ਪੱਧਰਾਂ ਦੀਆਂ ਹਾਜ਼ਰੀ ਸਬੰਧੀ ਜ਼ਰੂਰਤਾਂ ਪੂਰੀਆਂ ਕਰਨ ਲਈ ਕੋਰਸ ਪ੍ਰੋਵਾਈਡਰਾਂ ਵਲੋਂ ਜਾਰੀ ਕੀਤੇ ਗਏ QF ਸਰਟੀਫ਼ਿਕੇਟ (ਸਰਟੀਫ਼ਿਕੇਟਾਂ) ਨੂੰ ਪ੍ਰਾਪਤ ਕਰਨ ਵਾਲੇ QF ਪੱਧਰਾਂ ਦੇ 1-3 ਵਿਦਿਆਰਥੀਆਂ ਨੂੰ ਇਸ ਨਾਲ ਜੋੜਿਆ ਜਾਏਗਾ।

| ਪੱਧਰ / ਮਾੱਡਿਊਲਸ | ApL(C) I (QF ਪੱਧਰ 1) | ApL(C) II (QF ਪੱਧਰ 2) | ApL(C) III (QF ਪੱਧਰ 3) |
|---|---|---|---|
| ਜ਼ਬਾਨੀ ਗੱਲਬਾਤ (ਕੈਂਟੋਨੀਜ਼) | ਸਰਟੀਫ਼ਿਕੇਟ | ਸਰਟੀਫ਼ਿਕੇਟ | ਸਰਟੀਫ਼ਿਕੇਟ |
| ਪੜ੍ਹਣਾ | ਸਰਟੀਫ਼ਿਕੇਟ | ਸਰਟੀਫ਼ਿਕੇਟ | ਸਰਟੀਫ਼ਿਕੇਟ |
| ਲਿਖਣਾ | ਸਰਟੀਫ਼ਿਕੇਟ | ਸਰਟੀਫ਼ਿਕੇਟ | ਸਰਟੀਫ਼ਿਕੇਟ |
| | QF ਪੱਧਰ 1 ਸਰਟੀਫ਼ਿਕੇਟ | QF ਪੱਧਰ 2 ਸਰਟੀਫ਼ਿਕੇਟ | |

1) QF ਪੱਧਰ 3 ਸਰਟੀਫ਼ਿਕੇਟ
2) HKDSE (ਪ੍ਰਾਪਤ ਕੀਤੇ ਗਏ / ਡਿਸਟਿੰਕਸ਼ਨ ਨਾਲ ਪ੍ਰਾਪਤ ਕੀਤੇ ਗਏ)